## ਦਫਤਰ : ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ. ਨਗਰ ।

### ਪਬਲਿਕ ਨੋਟਿਸ

1.0 ਵਿਭਾਗ ਦੇ ਪੱਤਰ ਨੰਬਰ 10/31-2021 ਅ5(3) / 2021213461-462 ਮਿਤੀ 08.07.2021 (ਨੱਥੀ ਪੱਤਰ) ਅਨੁਸਾਰ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਤੈਨਾਤ ਸੰਗੀਤ ਟੀਚਰਜ਼ (ਨੇਤਰਹੀਣ) ਨੂੰ ਨੇੜਲੇ ਸ.ਸ.ਸ.ਸ. / ਸ.ਹ.ਸ. / ਘੱਟੋ ਘੱਟ 75 ਜਾਂ ਇਸ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ ਵਾਲੇ ਮਿਡਲ ਸਕੂਲ ਵਿੱਚ ਉਨ੍ਹਾਂ ਦੀ ਸੁਵਿੱਧਾ ਅਨੁਸਾਰ ਸ਼ਿਫਟ ਕਰਨ ਦਾ ਫੈਸਲਾ ਲਿਆ ਗਿਆ ਹੈ ।

2.0 ਸਟੇਸ਼ਨ ਚੋਣ ਕਰਨ ਦੀ ਪ੍ਰਕ੍ਰਿਆ ਮਿਤੀ 09.07.2021 ਨੂੰ ਸਵੇਰੇ 09.00 ਵਜੇ ਫੋਨ ਰਾਹੀਂ ਕਰਵਾਈ ਜਾਣੀ ਹੈ ।

3.0 ਸਬੰਧਤ ਸੰਗੀਤ ਟੀਚਰਜ਼ (ਨੇਤਰਹੀਣ) ਨੂੰ ਸਟੇਸ਼ਨ ਦੀ ਚੋਣ ਕਰਵਾਉਣ ਸਮੇਂ ਪਹਿਲ ਉਨ੍ਹਾਂ ਦੀ ਭਰਤੀ ਸਮੇਂ ਤਿਆਰ ਕੀਤੀ ਗਈ ਮੈਰਿਟ ਦੇ ਆਧਾਰ ਤੇ ਦਿੱਤੀ ਜਾਵੇਗੀ ।

4.0 ਸਬੰਧਤ ਸੰਗੀਤ ਟੀਚਰਜ਼ (ਨੇਤਰਹੀਣ) ਨੂੰ ਇਸ ਪਬਲਿਕ ਨੋਟਿਸ ਸਬੰਧੀ ਸਬੰਧਤ ਸਕੂਲ ਮੁੱਖੀ / ਇੰਚਾਰਜ਼ / ਅਧਿਆਪਕ ਵਲੋਂ ਸੂਚਿਤ ਕੀਤਾ ਜਾਵੇਗਾ ।

5.0 ਇਸ ਸਾਰੀ ਪ੍ਰਕ੍ਰਿਆ ਕਿਸੇ ਕਿਸਮ ਦੀ ਜਾਣਕਾਰੀ / ਸਹਾਇਤਾ ਲਈ ਵਿਭਾਗ ਵਲੋਂ ਸ੍ਰੀਮਤੀ ਸੁਖਵਿੰਦਰ ਕੌਰ, ਸੁਪਰਡੰਟ, ਡੀ.ਪੀ.ਆਈ. (ਐ.ਸਿ.), ਪੰਜਾਬ, ਮੋਬਾਇਲ ਨੰਬਰ 8847399128 ਤੇ ਸੰਪਰਕ ਕੀਤਾ ਜਾ ਸਕਦਾ ਹੈ ।

ਸਹਾਇਕ ਡਾਇਰੈਕਟਰ (ਸ.ਪ੍ਰ-5)

ਪੰਜਾਬ ਸਰਕਾਰ

ਸਕੂਲ ਸਿੱਖਿਆ ਵਿਭਾਗ

ਦਫਤਰ : ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ. ਨਗਰ।

(ਅਮਲਾ-5 ਸ਼ਾਖਾ)

ਵੱਲ,

1. ਡਾਇਰੈਕਟਰ ਸਿੱਖਿਆ ਅਫਸਰ (ਐ.ਸਿ.), ਪੰਜਾਬ।
2. ਪੰਜਾਬ ਰਾਜ ਸਮੂਹ,
   ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ ਐ.ਸਿ.)

ਮੀਮੋ ਨੰਬਰ 10/31-2021 ਅ 5(3)/2021213461-462

ਮਿਤੀ, ਐਸ.ਏ.ਐਸ. ਨਗਰ 8-7-21

**ਵਿਸ਼ਾ-** **ਸੰਗੀਤ ਟੀਚਰ (ਨੇਤਰਹੀਣ) ਨੂੰ ਸਰਕਾਰੀ ਪ੍ਰਾਇਮਰੀ ਸਕੂਲਾਂ ਤੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਡੈਪੂਟੇਸ਼ਨ ਤੇ ਭੇਜਣ ਸਬੰਧੀ।**

**ਹਵਾਲਾ:** **ਇਸ ਦਫਤਰ ਦੇ ਪੱਤਰ ਨੰ 10/31-2021ਅ5(3) ਮਿਤੀ 01.07.2021 ਦੀ ਅਧਿਲੰਘਣਾ ਵਿੱਚ।**

1. ਵਿਭਾਗ ਵਿਖੇ ਪ੍ਰਾਇਮਰੀ ਸਕੂਲਾਂ ਵਿੱਚ ਕੰਮ ਕਰਦੇ ਸੰਗੀਤ ਟੀਚਰ (ਨੇਤਰਹੀਣ) ਸਬੰਧੀ ਇਹ ਧਿਆਨ ਵਿੱਚ ਆਇਆ ਹੈ ਕਿ ਇਨ੍ਹਾਂ ਟੀਚਰਾਂ ਦੀਆਂ ਸੇਵਾਵਾਂ ਦਾ ਵਿਦਿਆਰਥੀਆਂ ਦੇ ਹਿੱਤਾਂ ਲਈ ਹੋਰ ਅਨੁਕੂਲ ਲਾਭ ਲੈਣ ਦੀ ਗੁਜਾਇੰਸ਼ ਹੈ। ਇਸ ਮਸਲੇ ਉਪਰ ਵਿਚਾਰ ਕਰਦੇ ਹੋਏ ਅਤੇ ਇਨ੍ਹਾਂ ਟੀਚਰਾਂ ਦੀ ਸਥਿਤੀ ਅਤੇ ਸੁਵਿਧਾ ਨੂੰ ਹਮਦਰਦੀ ਪੂਰਵਕ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ ਅਜਿਹੇ ਟੀਚਰਾਂ ਨੂੰ ਨੇੜਲੇ ਸਸਸਸ/ਸਹਸ/ਘੱਟੋ-ਘੱਟ 75 ਜਾਂ ਇਸ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ ਵਾਲੇ ਮਿਡਲ ਸਕੂਲ ਵਿਖੇ ਆਰਜ਼ੀ ਤੌਰ ਤੇ ਡੈਪੂਟੇਸ਼ਨ ਤੇ ਭੇਜਦੇ ਹੋਏ ਵਿਦਿਆਰਥੀਆਂ ਦੇ ਭਵਿੱਖ ਲਈ ਇਨ੍ਹਾਂ ਦੀਆਂ ਸੇਵਾਵਾਂ ਦਾ ਲਾਭ ਲਿਆ ਜਾਵੇ।

2. ਇਹ ਅਧਿਆਪਕ ਆਪਣੀਆਂ ਸੇਵਾਵਾਂ ਲੜੀ ਨੰ: 1 ਅਨੁਸਾਰ ਤੈਨਾਤੀ ਵਾਲੇ ਸਕੂਲਾਂ ਵਿਖੇ ਨਿਭਾਉਣ ਦੇ ਨਾਲ-ਨਾਲ ਸਬੰਧਤ ਪਿੰਡ/ਕਸਬਾ/ਸ਼ਹਿਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਵੀ ਲੋੜ ਅਨੁਸਾਰ ਪ੍ਰਦਾਨ ਕਰਨਗੇ, ਜਿਸ ਦੀ ਮੁਕੰਮਲ ਜਿੰਮੇਵਾਰੀ ਉਸ ਸਕੂਲ ਮੁੱਖੀ ਦੀ ਹੋਵੇਗੀ ਜਿਸ ਸਕੂਲ ਵਿੱਚ ਸੰਗੀਤ ਟੀਚਰ (ਨੇਤਰਹੀਣ) ਨੂੰ ਭੇਜਿਆ ਜਾਵੇਗਾ।

3. ਉਪਰੋਕਤ ਅਨੁਸਾਰ ਕਾਰਵਾਈ ਕਰਦੇ ਹੋਏ ਅਜਿਹੇ ਟੀਚਰਾਂ ਦੀ ਆਰਜ਼ੀ ਤੌਰ ਤੇ ਡੈਪੂਟੇਸ਼ਨ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਹੋਵੇਗੀ-

a) The said deputation of Music Teacher (Visually Impaired) are Stop Gap Arrangement for existing academic session extendable from time to time as per the requirement of the department.

b) That such deputed Music Teacher (Visually Impaired) will remain under the administrative control of DPI (EE).

c) That such deputed teachers will continued be governed by their parent set of service rules of the department.

d) That such Stop Gap Arrangement shall at no stage be interpreted as current duty charge for claiming higher salary.

e) That such deputation/ Stop Gap Arrangement will not affect the seniority/promotion of such shifted Music Teacher (Visually Impaired) in their own cadre.

f) That such Stop Gap Arrangement would not amount to any change in their cadre."

4. ਇੱਥੇ ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹਨਾਂ ਕਰਮਚਾਰੀਆਂ ਦਾ ਪਿੱਤਰੀ ਡਾਇਰੈਕਟੋਰੇਟ ਡੀ.ਪੀ.ਆਈ.(ਐ.ਸਿ.) ਪੰਜਾਬ ਹੀ ਰਹੇਗਾ ਅਤੇ ਸਮਰੱਥ ਅਧਿਕਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) / ਡੀ.ਪੀ.ਆਈ.(ਐ.ਸਿ.), ਪੰਜਾਬ ਹੀ ਰਹਿਣਗੇ। ਇਨ੍ਹਾਂ ਟੀਚਰਾਂ ਦੇ ਕਾਡਰ, ਸੀਨੀਅਰਤਾ, ਤਰੱਕੀ ਅਤੇ ਪੇਅ-ਸਕੇਲ ਵਿੱਚ ਇਸ ਕਾਰਵਾਈ ਨਾਲ ਕੋਈ ਬਦਲਾਅ ਨਹੀਂ ਹੋਵੇਗਾ।

5. ਸਬੰਧਤ ਅਧਿਆਪਕਾਂ ਨੂੰ ਡੈਪੂਟੇਸ਼ਨ ਦੌਰਾਨ ਸਟੇਸ਼ਨ ਦੀ ਚੋਣ ਕਰਨ ਸਮੇਂ ਪਹਿਲ ਉਨ੍ਹਾਂ ਦੀ ਭਰਤੀ ਸਮੇਂ ਤਿਆਰ ਕੀਤੀ ਗਈ ਮੈਰਿਟ ਦੇ ਆਧਾਰ ਤੇ ਦਿੱਤੀ ਜਾਵੇਗੀ।

6. ਇਨ੍ਹਾਂ ਦੀ ਪੋਸਟ ਪ੍ਰਾਇਮਰੀ ਸਕੂਲ ਵਿੱਚ ਹੀ ਰਹੇਗੀ।

7. ਇਨ੍ਹਾਂ ਦੀ ਤਨਖਾਹ ਇਨ੍ਹਾਂ ਦੇ ਪਿੱਤਰੀ ਸਕੂਲ ਤੋਂ ਹੀ ਨਿਕਲੇਗੀ।

8. ਇਹ ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਪੱਤਰ ਵਿਭਾਗ ਦੇ ਪੱਤਰ ਨੰ 10/31-2021 ਅ 5(3) ਮਿਤੀ 01.07.2021 ਦੀ ਅਧਿਲੰਘਣਾ ਵਿੱਚ ਜਾਰੀ ਕੀਤਾ ਗਿਆ ਹੈ।

ਸਕੱਤਰ, ਸਕੂਲ ਸਿੱਖਿਆ ਵਿਭਾਗ